# ਵਰਲਡ ਪੰਜਾਬੀ ਟਾਈਮਜ਼

WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 16 ਜੂਨ 2025 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਸਰਕਾਰੀ ਅਦਾਰਿਆਂ ਨੂੰ ਨਿਜੀ ਠੇਕੇਦਾਰਾਂ ਦੇ ਹੱਥ ਸੌਂਪਣਾ ਦੇ ਨਤੀਜੇ

ਵਰਲਡ ਪੰਜਾਬੀ ਟਾਈਮਜ਼ – ਮਾਸਟਰ ਪਰਮਵੇਦ

ਸੰਗਰੂਰ 16 ਜੂਨ : ਸਰਕਾਰਾਂ ਵੱਲੋਂ ਸਰਕਾਰੀ ਅਦਾਰਿਆਂ ਨੂੰ ਨਿੱਜੀ ਠੇਕੇਦਾਰਾਂ ਦੇ ਹੱਥ ਸੌਂਪਣ ਅਤੇ ਲੁਟਾਉਣ ਦਾ ਨਤੀਜਾ ਦੇਸ਼ ਵਿਦੇਸ਼ ਦੇ ਸੈਂਕੜੇ ਨਿਰਦੋਸ਼ ਨਾਗਰਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਨਾਂ ਗਵਾ ਕੇ ਭੁਗਤਣਾ ਪਿਆ ਹੈ। ਸਾਨੂੰ ਇਹ ਵਿਗਿਆਨਕ ਤੱਥ ਸਮਝਣ ਦੀ ਬੇਹੱਦ ਲੋੜ ਹੈ ਕਿ ਨਿਰਦੋਸ਼ ਯਾਤਰੀਆਂ ਦੀ ਅਜਿਹੀ ਮੌਤ ਨਾ ਤਾਂ ਕਿਸੇ ਅਖੌਤੀ ਬਿਓਮਾਤਾ /ਪਰਮਾਤਮਾ ਨੇ ਉਨ੍ਹਾਂ ਦੀ ਕਿਸਮਤ ਵਿੱਚ ਲਿਖੀ ਹੋਈ ਸੀ, ਨਾ ਹੀ ਕਿਸੇ ਜੋਤਸ਼ੀ ਨੇ ਅਜਿਹੀ ਕੋਈ ਭਵਿਖਬਾਣੀ ਕੀਤੀ ਸੀ ਅਤੇ ਨਾ ਹੀ ਉਨ੍ਹਾਂ ਸਾਰਿਆਂ ਦੀਆਂ ਜਨਮ ਕੁੰਡਲੀਆਂ ਇੱਕ ਸਨ ਕਿ ਇਕੋ ਜਿਹੀ ਮੌਤ ਲਿਖੀ ਸੀ ਅਸੀਂ ਸਾਮਰਾਜ ਪੱਖੀ ਹਕੂਮਤਾਂ, ਮੁਨਾਫ਼ਾਖੋਰ ਕਾਰਪੋਰੇਟ ਘਰਾਣਿਆਂ ਅਤੇ ਵਿਸ਼ੇਸ਼ ਕਰਕੇ ਪਾਖੰਡੀ ਜੋਤਸ਼ੀਆਂ,ਬਾਬਿਆਂ ਨੂੰ ਸਵਾਲ ਕਰਦੇ ਹਾਂ ਜਿਹੜੇ ਅਜਿਹੀਆਂ ਗੈਰ ਕੁਦਰਤੀ ਘਟਨਾਵਾਂ ਅਤੇ ਮੌਤਾਂ ਨੂੰ ਕਿਸੇ ਅਖੌਤੀ ਰੱਬ ਦੇ ਭਾਣੇ ਜਾਂ ਪਿਛਲੇ ਜਨਮ ਦੇ ਕਰਮਾਂ ਦੇ ਖਾਤੇ ਵਿੱਚ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਅਜਿਹੇ ਮੌਕੇ ਸਮੂਹ ਵਰਗਾਂ ਦੇ ਲੋਕਾਂ ਨੂੰ ਇਹ ਤੱਥ ਸਮਝਣਾ ਚਾਹੀਦਾ ਹੈ ਕਿ ਕਾਰਪੋਰੇਟ ਅਦਾਰਿਆਂ ਦਾ ਇਕੋ ਇਕ ਮਕਸਦ ਘੱਟ ਤੋਂ ਘੱਟ ਸਟਾਫ਼, ਖਰਚਿਆਂ ਵਿੱਚ ਕਟੌਤੀ ਕਰਕੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਲੋਕਾਂ ਦੀਆਂ ਜਾਨਾਂ ਦੀ ਕੋਈ ਪਰਵਾਹ ਨਹੀਂ ਹੁੰਦੀ। ਕੁਝ ਲੱਖ ਦਾ ਮੁਆਵਜ਼ਾ ਦੇਣ ਨਾਲ ਉਨ੍ਹਾਂ ਦੀਆਂ ਕੀਮਤੀ ਜਾਨਾਂ ਵਾਪਸ ਨਹੀਂ ਆ ਸਕਦੀਆਂ। ਮੁਆਵਜ਼ਾ ਦੇਣ ਦਾ ਮਤਲਬ ਪੀੜਤ ਲੋਕਾਂ ਦੇ ਸਰਕਾਰਾਂ ਵਿਰੁੱਧ ਤਿੱਖੇ ਗੁੱਸੇ ਨੂੰ ਸ਼ਾਂਤ ਕਰਨਾ ਹੁੰਦਾ ਹੈ ਅਤੇ ਆਪਣੀ ਜਵਾਬਦੇਹੀ ਤੋਂ ਬਚਣਾ ਹੁੰਦਾ ਹੈ। ਇਸ ਲਈ ਤਮਾਮ ਦੋਸ਼ੀ ਅਧਿਕਾਰੀਆਂ,ਮੰਤਰੀਆਂ ਅਤੇ ਜਹਾਜ਼ ਕੰਪਨੀ ਦੇ ਮਾਲਕਾਂ ਉਤੇ ਅਪਰਾਧਿਕ ਕੇਸ ਚਲਣਾ ਚਾਹੀਦਾ ਹੈ। ਤਮਾਮ ਲੋਕ ਪੱਖੀ ਜਮਹੂਰੀ ਜਨਤਕ ਤਾਕਤਾਂ ਨੂੰ ਅਜਿਹੇ ਲੋਕ ਮਾਰੂ ਨਿੱਜੀਕਰਨ ਦੇ ਵਿਰੁੱਧ ਜਨਤਕ ਅਤੇ ਜਥੇਬੰਦਕ ਪੱਧਰ ਤੇ ਅਵਾਜ਼ ਬੁਲੰਦ ਕਰਨ ਦੀ ਲੋੜ ਹੈ ਨਹੀਂ ਤਾਂ ਲੋਕ ਨਿੱਜੀਕਰਨ ਦੀ ਭੇਂਟ ਚੜਕੇ ਇਵੇਂ ਹੀ ਨਜਾਇਜ਼ ਮਰਦੇ ਰਹਿਣਗੇ।

## ਸੂਰਵੀਰ ਮਹਾਰਾਣਾ ਪ੍ਰਤਾਪ ਚੈਰੀਟੇਬਲ ਟਰੱਸਟ ਵੱਲੋਂ ਰੋਮਾਣਾ ਅਜੀਤ ਸਿੰਘ ਵਿਖੇ ਅੰਗਹੀਣ ਅਤੇ ਬਜ਼ੁਰਗਾਂ ਲਈ ਵਿਸ਼ੇਸ਼ ਕੈਂਪ ਦਾ ਆਯੋਜਨ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ



ਕੋਟਕਪੂਰਾ, 16 ਜੂਨ : ਸੂਰਵੀਰ ਮਹਾਰਾਣਾ ਪ੍ਰਤਾਪ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਜਸਪਾਲ ਸਿੰਘ ਪੰਜਗਰਾਈਂ ਮੀਤ ਪ੍ਰਧਾਨ ਪੰਜਾਬ ਭਾਰਤੀ ਜਨਤਾ ਪਾਰਟੀ ਐਸ.ਸੀ. ਮੋਰਚਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਜੈਤੋ ਦੇ ਪਿੰਡ ਰੋਮਾਨਾ ਅਜੀਤ ਸਿੰਘ ਵਿਖੇ ਇੱਕ ਅੰਗਹੀਣ ਅਤੇ ਬਜ਼ੁਰਗ ਵਿਅਕਤੀਆਂ ਲਈ ਫਰੀ ਕੈਂਪ ਬਾਬਾ ਖੁਸ਼ੀ ਰਾਮ ਡੇਰਾ ਵਿਖੇ ਲਗਾਇਆ ਗਿਆ, ਇਸ ਕੈਂਪ ਦੌਰਾਨ ਵਿਸ਼ੇਸ਼ ਤੌਰ 'ਤੇ ਸਮੁੱਚੀ ਪੰਚਾਇਤ ਅਤੇ ਕਲਗੀਧਰ ਯੂਥ ਅਤੇ ਵੈਲਫੇਅਰ ਕਲੱਬ ਸਹਿਯੋਗ ਦਿੱਤਾ ਗਿਆ! ਕੈਂਪ ਦਾ ਪ੍ਰਬੰਧ ਭਾਜਪਾ ਆਗੂ ਰਮਨਦੀਪ ਕੌਰ ਅਤੇ ਖੁਸ਼ੀ ਰਾਮ ਡੇਰਾ ਦੀ ਕਮੇਟੀ ਵੱਲੋਂ ਕੀਤਾ ਗਿਆ! ਇਸ ਕੈਂਪ ਦੌਰਾਨ ਰੁਦਰਾ ਆਸਰਾ ਸੈਂਟਰ ਬਠਿੰਡਾ ਦੇ ਡਾਕਟਰ ਰਵੀ ਕੁਮਾਰ ਦੀ ਟੀਮ ਦੀ ਅਗਵਾਈ ਹੇਠ 170 ਮਰੀਜ਼ਾਂ ਦੀ ਜਾਂਚ ਕੀਤੀ ਗਈ! ਇਸ ਕੈਂਪ ਦੌਰਾਨ ਬੈਟਰੀ ਵਾਲੀਆਂ ਸਕੂਟਰੀਆਂ ਟਰਾਈ ਸਾਈਕਲ ਵੀਲ ਚੇਅਰ ਖੂਡੀਆਂ ਖਰੌੜੀਆਂ ਕੋਡੇ ਬੈਲਟਾਂ ਵਾਕਰ ਕੰਨਾਂ ਵਾਲੀਆਂ ਮਸ਼ੀਨਾਂ ਦੇਣ ਲਈ ਜਾਂਚ ਕੀਤੀ! ਇਸ ਸਮੇਂ ਜਸਪਾਲ ਸਿੰਘ ਪੰਜਗਰਾਈਂ ਨੇ ਨੂੰ ਸਮੁੱਚੀ ਨਗਰ ਪੰਚਾਇਤ ਅਤੇ ਕਲੱਬ ਦੇ ਸਾਥੀਆਂ ਦਾ ਧੰਨਵਾਦ ਕੀਤਾ! ਇਸ ਸਮੇਂ ਵਿਸ਼ੇਸ਼ ਤੌਰ 'ਤੇ ਹਰਦੀਪ ਸ਼ਰਮਾ ਬਾਹਮਣ ਵਾਲਾ, ਨਿਰਮਲ ਕੌਰ ਮਲੂਕਾ, ਸਿੰਦਾ ਸਿੰਘ ਮਲਕੇ, ਕਲੱਬ ਦੇ ਪ੍ਰਧਾਨ ਅਜਮੇਰ ਸਿੰਘ ਸਰਪੰਚ ਇੰਦਰਜੀਤ ਸਿੰਘ, ਜਗਸੀਰ ਸਿੰਘ, ਬਲਜੀਤ ਸਿੰਘ, ਜਸਵੀਰ ਸਿੰਘ, ਅੰਮ੍ਰਿਤ ਪਾਲ ਸਿੰਘ ਅਤੇ ਬਾਬਾ ਖੁਸ਼ੀ ਰਾਮ ਕਮੇਟੀ ਦੇ ਪ੍ਰਧਾਨ ਤੀਰਤ ਸਿੰਘ ਹੀ ਹਾਜਰ ਸਨ!

## ਵੱਧ ਬੱਚੇ ਪੈਦਾ ਕਰਨ ਵਾਲਿਆਂ ਦੀ ਸਹਾਇਤਾ ਕਰਨਾ: ਪੁੰਨ ਹੈ ਜਾਂ ਪਾਪ?



ਵਰਲਡ ਪੰਜਾਬੀ ਟਾਈਮਜ਼ – ਠਾਕੁਰ ਦਲੀਪ ਸਿੰਘ

ਜਿਹਨਾਂ ਲੋਕਾਂ ਨੂੰ ਪਤਾ ਹੈ: ਸਾਡੇ ਕੋਲ ਵੱਧ ਬੱਚੇ ਪਾਲਣ ਦੇ ਸਾਧਨ ਨਹੀਂ ਹਨ। ਫਿਰ ਵੀ ਉਹ ਦੋ ਤੋਂ ਵੱਧ ਬੱਚੇ ਪੈਦਾ ਕਰਕੇ, ਆਪਣੀ ਗ਼ਰੀਬੀ ਵਧਾਉਂਦੇ ਰਹਿੰਦੇ ਹਨ। ਵੱਧ ਬੱਚੇ ਪੈਦਾ ਕਰਨ ਵਾਲਿਆਂ ਨੂੰ ਜਦੋਂ ਸਰਕਾਰ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਦਿੰਦੀ ਹੈ; ਇਸ ਨਾਲ ਵੀ ਉਹਨਾਂ ਲੋਕਾਂ ਨੂੰ ਵਾਧੂ ਬੱਚੇ ਪੈਦਾ ਕਰਨ ਲਈ ਉਤਸ਼ਾਹ ਮਿਲਦਾ ਹੈ। ਜਦਕਿ ਇਹੀ ਲੋਕ ਅਬਾਦੀ ਵਧਾ ਕੇ ਸਮੁੱਚੇ ਭਾਰਤ ਲਈ ਸਮੱਸਿਆਵਾਂ ਪੈਦਾ ਕਰਦੇ ਹਨ; ਉੱਥੇ ਹੀ ਉਹ ਪੂਰੀ ਧਰਤੀ ਅਤੇ ਵਾਤਾਵਰਨ ਨੂੰ ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਕੀ ਸਾਨੂੰ ਅਜਿਹੇ ਲੋਕਾਂ ਦੀ ਆਰਥਿਕ ਮਦਦ ਕਰਨੀ ਚਾਹੀਦੀ ਹੈ, ਜਾਂ ਕਿਸੇ ਵੀ ਤਰੀਕੇ ਨਾਲ? ਜੇ ਇਹ ਕੀਤਾ ਜਾਣਾ ਚਾਹੀਦਾ ਹੈ, ਕਿਉਂ? ਜ਼ਰਾ ਆਪਣੇ ਲਈ ਸੋਚੋ: ਜਦੋਂ ਅਸੀਂ ਅਜਿਹੇ ਲੋਕਾਂ ਦੀ ਮਦਦ ਕਰਦੇ ਹਾਂ; ਤਾਂ, ਕੀ ਅਸੀਂ ਉਨ੍ਹਾਂ ਨੂੰ ਬਹੁਤ ਸਾਰੇ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਨਹੀਂ ਕਰ ਰਹੇ ਹਾਂ?

ਗਰੀਬ ਲੋਕਾਂ ਦੀ ਮਦਦ ਕਰਨਾ ਜਿਨ੍ਹਾਂ ਦੇ ਦੋ ਤੋਂ ਵੱਧ ਬੱਚੇ ਹਨ, ਜਿੱਥੇ ਅਸੀਂ ਉਨ੍ਹਾਂ ਨੂੰ ਪਾਪ ਕਰਨ ਲਈ ਉਤਸ਼ਾਹਿਤ ਕਰਦੇ ਹਾਂ; ਉੱਥੇ ਉਨ੍ਹਾਂ ਦੀ ਮਦਦ ਕਰਕੇ, ਅਸੀਂ ਆਪਣੇ ਦੇਸ਼ ਅਤੇ ਪੂਰੀ ਧਰਤੀ ਦਾ ਨੁਕਸਾਨ ਕਰ ਰਹੇ ਹਾਂ ਅਤੇ ਹਰ ਕਿਸੇ ਲਈ ਸਮੱਸਿਆਵਾਂ ਪੈਦਾ ਕਰ ਰਹੇ ਹਾਂ; ਅਸੀਂ ਉਹ ਹਾਂ ਜੋ ਇਸਨੂੰ ਬਣਾ ਰਹੇ ਹਾਂ। ਇਹ ਜਾਣਨ ਦੇ ਬਾਵਜੂਦ ਕਿ ਜ਼ਿਆਦਾ ਆਬਾਦੀ ਧਰਤੀ ਲਈ, ਵਾਤਾਵਰਨ ਲਈ ਅਤੇ ਸਾਡੇ ਲਈ ਬੇਹੱਦ ਹਾਨੀਕਾਰਕ ਹੈ; ਫਿਰ ਵੀ ਅਜਿਹੇ ਲੋਕਾਂ ਦੀ ਮਦਦ ਕਰਕੇ ਅਸੀਂ ਆਬਾਦੀ ਵਧਾਉਣ ਵਿਚ ਯੋਗਦਾਨ ਪਾ ਰਹੇ ਹਾਂ! ਵਿਚਾਰ ਕਰੋ: ਕੀ ਅਸੀਂ ਆਬਾਦੀ ਵਧਾ ਕੇ ਧਰਤੀ ਨੂੰ ਨੁਕਸਾਨ ਨਹੀਂ ਪਹੁੰਚਾ ਰਹੇ? ਕੀ ਸਾਨੂੰ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਜ਼ਿਆਦਾ ਬੱਚੇ ਹਨ? ਕੀ ਅਸੀਂ ਨੇਕੀ ਕਰ ਰਹੇ ਹਾਂ, ਜਾਂ ਪਾਪ ਕਰ ਰਹੇ ਹਾਂ? ਜਿਨ੍ਹਾਂ ਦੇ ਬੱਚੇ ਜ਼ਿਆਦਾ ਹਨ, ਉਨ੍ਹਾਂ ਦੀਆਂ ਗ਼ਲਤੀਆਂ ਦਾ ਦੁੱਖ ਹਰ ਕੋਈ ਕਿਉਂ ਝੱਲਦਾ ਹੈ? ਕਿਰਪਾ ਕਰਕੇ ਆਪਣੇ ਲਈ ਸੋਚੋ।

## ਗ਼ਜ਼ਲ

ਜਿੱਤ ਕੇ ਬਾਜ਼ੀ ਹਾਰਦੇ ਰਹੇ।
ਯਬਲ਼ੀਆਂ ਹੀ ਮਾਰਦੇ ਰਹੇ।
ਹੱਥ ਨਾ ਆਈਆਂ ਹੀਰਾਂ ਕਦੇ
ਊਂ ਰਾਂਝੇ ਮੱਝਾਂ ਚਾਰਦੇ ਰਹੇ।
ਕੁਝ ਨਾ ਲੱਭਾ ਜਾਗ ਕੇ ਰਾਤਾਂ
ਐਵੇਂ ਹੱਡ ਹੀ ਠਾਰਦੇ ਰਹੇ।
ਜੁੜ ਨਾ ਸਕਿਆ ਧੇਲਾ ਕਦੇ
ਬੱਸ ਬੁੱਤਾ ਹੀ ਸਾਰਦੇ ਰਹੇ।
ਮਹਿਰਮ ਦਿਲ ਦੇ ਨਾ ਬਣੇ
ਭਾਵੇਂ ਜ਼ਿੰਦਗੀ ਵਾਰਦੇ ਰਹੇ।
ਮਿਲੀ ਨਾ ਕਦੇ ਵੀ ਕਾਮਯਾਬੀ
ਮਨ 'ਚ ਜੋ ਵੀ ਧਾਰਦੇ ਰਹੇ।
ਪਾਰ ਨਾ ਹੋਏ ਇਸ਼ਕ ਝਨਾਂ
ਕਿਸ਼ਤੀਆਂ ਹੀ ਤਾਰਦੇ ਰਹੇ।

ਵਰਲਡ ਪੰਜਾਬੀ ਟਾਈਮਜ਼ – ਪ੍ਰੋ. ਨਵ ਸੰਗੀਤ ਸਿੰਘ

## 'ਮੇਰਾ ਸਕੂਲ ਵੈਲਫੇਅਰ ਸੋਸਾਇਟੀ' ਵਲੋਂ ਅਹਿਮਦਾਬਾਦ ਜਹਾਜ਼ ਹਾਦਸਾ ਗ੍ਰਸ਼ਤ ਤੇ ਦੁੱਖ ਪ੍ਰਗਟਾਇਆ

ਵਰਲਡ ਪੰਜਾਬੀ ਟਾਈਮਜ਼ – ਮੇਜਰ ਸਿੰਘ ਨਾਭਾ



ਨਾਭਾ 16 ਜੂਨ : ਮੇਰਾ ਸਕੂਲ ਵੇਲਫੈਅਰ ਸੋਸਾਇਟੀ (ਰਜਿ:) ਦੰਦਰਾਲਾ ਢੀਂਡਸਾ (ਪਟਿਆਲਾ) ਵਲੋਂ ਅਹਿਮਦਾਬਾਦ ਵਿਖੇ ਏਅਰ ਇੰਡੀਆ ਦੇ ਜਹਾਜ਼ ਦੇ ਕਰੈਸ਼ ਹੋਣ ਕਾਰਨ ਜਹਾਜ਼ ਵਿੱਚ ਸਵਾਰ ਮੁਸਾਫਰਾਂ , ਜਹਾਜ਼ ਦੇ ਅਮਲੇ ਦੇ ਮੈਂਬਰਾਂ ਦੀ ਦਰਦਨਾਇਕ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ । ਜਹਾਜ਼ ਦੇ ਰਿਹਾਇਸੀ ਇਲਾਕੇ 'ਚ ਗਿਰਣ ਕਾਰਨ ਇੱਕ ਮੈਡੀਕਲ ਕਾਲਜ ਦੇ ਹੋਸਟਲ 'ਚ ਮਾਰੇ ਗਏ ਜੂਨੀਅਰ ਡਾਕਟਰਾਂ ਨੂੰ ਸਰਧਾਂਜ਼ਲੀ ਦਿੱਤੀ ਗਈ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ । ਫੱਟੜ ਹੋਏ ਡਾਕਟਰਾਂ ਅਤੇ ਹੋਰ ਲੋਕਾਂ ਦੇ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ ।ਸੋਸਾਇਟੀ ਮੈਂਬਰਾਂ ਮੇਜਰ ਸਿੰਘ ਢੀਂਡਸਾ , ਮੇਜਰ ਸਿੰਘ ਨਾਭਾ , ਜਗਦੇਵ ਸਿੰਘ ਢੀਂਡਸਾ , ਹਰਬੰਸ ਸਿੰਘ , ਰਣਜੀਤ ਸਿੰਘ ਢੀਂਡਸਾ , ਗੁਰਸੇਵ ਸਿੰਘ , ਪਵਨਪ੍ਰੀਤ ਸਿੰਘ ਅਤੇ ਅਵਤਾਰ ਸਿੰਘ ਵਲੋਂ ਹਾਦਸਾ ਗ੍ਰਸ਼ਤ ਮੈਂਬਰਾਂ ਦੇ ਪਰਿਵਾਰਾਂ ਲਈ ਸਰਕਾਰ ਵਲੋਂ ਵੱਧ ਤੋਂ ਵੱਧ ਵਿੱਤੀ ਮਦਦ ਦੇਣ ਦੀ ਮੰਗ ਕੀਤੀ ਗਈ ।

## ਬਾਲੀਵੁੱਡ ਮੂਵੀ ' ਟੂ ਵੇ' ਤੇ 'ਦਰਭੰਗਾ ਐਕਸਪ੍ਰੈੱਸ' ਵੱਖਰੇ ਅੰਦਾਜ਼ ਨਜਰ ਆਉਣਗੇ "ਅਦਾਕਾਰ ਸੁਰੇਸ਼ ਸ਼ਰਮਾਂ ਜੀ"



ਕਾਮਯਾਬੀ ਦੀ ਪੌੜੀ ਚੜ੍ਹਨ ਲਈ ਬਹੁਤ ਸਾਰੇ ਸੰਘਰਸ਼ਾਂ ਨਾਲ ਮੱਥਾ ਲਾਉਣਾ ਪੈਦਾ ਹੈ । ਅਜਿਹੇ ਹੀ ਸੰਘਰਸ਼ਾਂ ਦੀ ਉਪਜ ਹਨ – ਅਦਾਕਾਰ ਸੁਰੇਸ਼ ਕੁਮਾਰ ਸ਼ਰਮਾਂ। ਜਿੰਨਾ ਦਾ ਜਨਮ ਪੰਜਾਬ ਦੇ ਜ਼ਿਲਾ ਜਲੰਧਰ ਦੇ ਪਿੰਡ ਦੌਲਤਪੁਰ ਢੱਡਾ ਤਹਿਸੀਲ ਸਾਹਕੋਟ ਵਿਖੇ ਪਿਤਾ ਚੰਦਰ ਮੋਹਣ ਸਰਮਾਂ ਘਰ ਮਾਤਾ ਰੇਖਾ ਕੁਮਾਰੀ ਦੇ ਕੁੱਖੇ ਹੋਇਆਂ।

ਏਨਾਂ ਦਾ ਫਿਲਮ ਇੰਡਸਟ੍ਰੀਜ ਵਿੱਚ ਆਉਣ ਸਮੇਂ ਬਹੁਤ ਸਾਰੇ ਅਜੀਜ ਦੋਸਤਾਂ ਨੇ ਸਾਥ ਦਿੱਤਾ , ਜਿੰਨਾਂ ਵਿੱਚ ਨਿਰਦੇਸ਼ਕ ਗਗਨਦੀਪ ਸਿੰਘ ਡਾਂਗ , ਜਿੰਨਾਂ ਨੇ ਇਹਨਾਂ ਨੂੰ ਚੰਡੀਗੜ੍ਹ ਇੱਕ ਗੀਤ ਦੇ ਫਿਲਮਾਂਕਣ ਵਿੱਚ ਸਾਹਮਣੇ ਆਉਣ ਦਾ ਮੌਕਾ ਦਿੱਤਾ। ਫਿਰ ਓਨਾਂ ਕਈ ਗੀਤਾਂ ਵਿੱਚ ਸਾਮਿਲ ਹੋਣ ਦਾ ਰਾਹ ਖੋਲ੍ਹਿਆਂ ਦਿੱਤਾਂ ।

ਏਸੇ ਤਰਾਂ ਜਦੋ ਸੰਘਰਸ਼ਾਂ ਦੇ ਦਿਨ ਚੱਲ ਰਹੇ ਸਨ ਤਾਂ, ਏਨਾਂ ਦਾ ਇੱਕ ਮੁਹੱਬਤੀ ਦੋਸਤ ਜੋ ਅੱਜਕਲ ਪੁਰਤਗਾਲ ਵਿੱਚ ਰਹਿੰਦਾ ਨਿਸ਼ਾਨ ਸਿੰਘ ਨੇ ਸਾਥ ਦੇ ਦੋਸਤੀ ਦਾ ਫਰਜ ਅਦਾ ਅਤੇ ਅੰਮ੍ਰਿਤਸਰ ਤੋ ਮਹਿੰਦਰਪਾਲ ਸਾਬੀ , ਇੰਗਲੈਂਡ ਤੋ ਸੰਦੀਪ ਸਿੰਘ ਦੀਪਾ ਆਦਿ ਨੇ ਅਦਾਕਾਰ ਸੁਰੇਸ਼ ਸ਼ਰਮਾਂ ਜੀ ਦਾ ਆਪਣੀਆਂ ਬਾਹਾਂ ਵਾਂਗ ਪੂਰਾ ਪੂਰਾ ਸਾਥ ਨਿਭਾਇਆ ।

ਅਦਾਕਾਰ ਸੁਰੇਸ਼ ਸ਼ਰਮਾਂ ਜੀ ਓਨਾਂ ਦਾ ਤਹਿ ਦਿਲੋ ਸੁਕਰਾਨਾ ਅੱਜ ਵੀ ਕਰਦੇ ਹਨ । ਅਦਾਕਾਰ ਸੁਰੇਸ਼ ਸਰਮਾਂ ਜੀ ਕਹਿੰਦੇ ਹਨ , ਮੈ ਅੱਜ ਕੁਛ ਵੀ ਹਾਂ ਦੋਸਤਾਂ ਬਾਬਤ ਹਾਂ ।

ਹੁਣ ਤੱਕ ਪਾਲੀਵੁੱਡ ਤੇ ਬਾਲੀਵੁੱਡ ਵਿੱਚ ਕੀਤੇ ਕੰਮ ਦਾ ਲੇਖਾ ਜੋਖਾ ਇਸ ਤਰਾਂ ਹੈ , ਜੇਕਰ ਏਨਾਂ ਦੇ ਫਿਲਮ ਕੈਰੀਅਰ ਤੇ ਝਾਤ ਮਾਰੀਏ, ਏਨਾਂ ਦੀ ਪੰਜਾਬੀ ਫੀਚਰ ' ਕਦੇ ਦਾਦੇ ਦੀਆਂ ਕਦੇ ਪੋਤੀਆਂ ਦੀਆਂ ' , ਜੋਰਾਂ 10 ਨੰਬਰੀਆਂ , ਫਿਅਰ (ਹਿੰਦੀ ), ਲਘੂ ਫਿਲਮ ' ਚੰਨੋ ' , ਦਰਿੰਦਾ , ਜੇਕਰ ਵੈਬਸੀਰੀਜ ਦੀ ਗੱਲ ਕਰੀਏ ਤਾਂ ਪੰਜਾਬੀ, ਹਿੰਦੀ ਵਿੱਚ ਵੈਬ-ਸੀਰੀਜ਼ ਵਿੱਚ ਏਨਾਂ ਵੱਲੋ ਬਾਕਮਾਲ ਅਦਾਕਾਰੀ ਕੀਤੀ ਗਈ, ਵੈਬਸੀਰੀਜ ਡਰੀਮਲੈਂਡ ਫੇਰੀ ਹੇਰਾ ( ਹਿੰਦੀ ) ਘੁਨਾਓ ਕੀ ਗਲੀਆਂ ( ਹਿੰਦੀ ) ਇਕ ਦੂਣੀ ਦੂਣੀ, ਦੋ ਦੂਣੀ ਚਾਰ ( ਪੰਜਾਬੀ ) , ਕੱਚੇ ਪੱਕੇ ਯਾਰ ( ਪੰਜਾਬੀ ) ,

ਏਸੇ ਤਰਾਂ ਟੀ ਵੀ ਸੀਰੀਅਲ, 'ਛੋਟੀ ਜੇਠਾਣੀ', ਹੀਰ ਰਾਂਝਾਂ, ਤੂੰ ਪਤੰਗ ਮੈ ਡੋਰ , ਧੀਆਂ ਮੇਰੀਆਂ , ਛੜਿਆਂ ਨੂੰ ਦਫਾ ਕਰੋ ' ,'ਦਿਲਾਂ ਦੇ ਰਿਸ਼ਤੇ', ਵਿੱਚ ਅਦਾਕਾਰੀ ਕਰ, ਆਪਣੀ ਨਵੇਕਲੀ ਪਹਿਚਾਣ ਸਥਾਪਿਤ ਕੀਤੀ। ਸੁਰੇਸ਼ ਸਰਮਾਂ ਜੀ ਨੇ ਕਮੇਡੀ ਸੋਅ ' ਦੋ ਨਮੂਨੇ', 'ਮੁੱਖ ਮੰਤਰੀ', 'ਸ਼ਰਾਬੀਆਂ ਨੂੰ ਸ਼ਰਾਪ', ' ਕੀ ਬਣੂ ਸਾਲੇ ਦਾ' ਐਪੀਸੋਡ 2 ਵਿੱਚ ਅਦਾਕਾਰੀ ਕਰ ਦਰਸ਼ਕਾਂ ਦੇ ਢਿੱਡੀ ਪੀੜਾਂ ਪਾਈਆ।

ਏਸੇ ਤਰਾਂ ਸੰਗੀਤ ਜਗਤ ਵਿੱਚ ਆਪਣੀ ਹਿੱਸੇਦਾਰ ਪਾ ਸੰਗੀਤ ਪ੍ਰੇਮੀਆਂ ਨਾਲ ਮੁਹੱਬਤੀ ਸਾਂਝ ਕਾਇਮ ਰੱਖੀ , ਸੰਗੀਤ ਵੀਡੀਓਜ਼ ਬੋਲੀਆਂ 1 , ਬੋਲੀਆਂ 2 , ਸਾਰਾ ਦਿਨ ਨੱਚਣਾ ( ਪੰਜਾਬੀ ਬੋਲੀਆਂ ) , ' ਪੈਸਨ ' ( ਪੰਜਾਬੀ ਗੀਤ) , ਬੱਬਰ ਸ਼ੇਰ, ਮਾਝੇ ਵਾਲੇ ਭਾਊ , 'ਚਾਚੇ ਤਾਏ ਰਿਟਰਨਸ', 'ਆ ਗਈ ਲੋਹੜੀ', ਆਦਿ ਵਿੱਚ ਅਦਾਕਾਰੀ ਕਰ ਆਪਣਾ ਸੁਮਾਰ ਕਰਵਾਇਆਂ । ਸੁਰੇਸ਼ ਸਰਮਾਂ ਜੀ ਦੇ ਦੱਸਿਆ, ਓਨਾਂ ਦਾ ਸਫਰ ਜਾਰੀ ਹੈ ਤੇ ਆਉਣ ਵਾਲੀ ਬਾਲੀਵੁੱਡ ਮੂਵੀ 'ਟੂ ਵੇ' ਜੋ ਕਿ ਚਰਚਿਤ ਡਾਇਰੈਕਟਰ, ਰਾਇਟਰ ਅਤੇ ਐਕਟਰ 'ਵਿਜੇ ਖੇਪੜ ਜੀ' ਨੇ ਕੀਤੀ , ਉਸ ਵਿੱਚ ਅਦਾਕਾਰੀ ਕਰਨ ਦਾ ਮੌਕਾ ਮਿਲਿਆ, ਏਸੇ ਤਰਾਂ ਪ੍ਰਸਿੱਧ ਡਾਇਰੈਕਟਰ 'ਸਿਮਰਨ ਸਿੰਘ ਜੀ' ਦੀ 'ਦਰਭੰਗਾ ਐਕਸਪ੍ਰੈੱਸ' ਵਿੱਚ ਅਤੇ ਆਉਣ ਵਾਲੀ ਇੱਕ ਵੈਬਸੀਰੀਜ ਪੀ.ਏ ਦੇ ਰੋਲ ਵਿੱਚ ਦਿਖਾਈ ਦੇਵਗੇ।

ਸੁਰੇਸ਼ ਸਰਮਾਂ ਜੀ ਇੱਕ ਚੰਗੇ ਰੰਗ ਕਰਮੀ ਦੇ ਤੌਰ ਤੇ "ਨੀਰਜ ਕੌਸ਼ਿਕ ਜੀ' ਨਾਲ ਜਲੰਧਰ, ਚੰਡੀਗੜ੍ਹ ਵਿੱਚ ਮਲਕੀਤ ਸਿੰਘ ਤੇ ਨਾਲ ਪੰਜਾਬ ਵਾਲੇ ਹਰਭਗਵਾਨ ਸਿੰਘ ( ਰੰਗਦੇਵ ) ਜੋ ਕਿ ਪ੍ਰਸਿੱਧ ਅਦਾਕਾਰ ਹਨ। ਓਨਾਂ ਨਾਲ 2,3 ਵਾਰ ਸਟੇਜੀ ਨਾਟਕ ਕਰ ਦਰਸ਼ਕਾਂ ਮੁਹੱਬਤੀ ਸਾਂਝ ਪਾਉਣ ਵਿੱਚ ਸਫਲ ਰਹੇ ।

ਮੇਰੀ ਪ੍ਰਮਾਤਮਾ ਅੱਗੇ ਅਰਦਾਸ ਹੈ , ਸਫਲਤਾਵਾਂ ਏਨਾਂ ਦੇ ਪੈਰ ਚੁੰਮਣ ਤੇ ਏਨਾਂ ਨੂੰ ਮੰਜ਼ਿਲਾਂ ਪ੍ਰਵਾਨ ਕਰਨ ।

## ਆਸਾੜ੍ਹ ਤਪੰਦਾ ਤਿਸੁ ਲਗੈ।।

ਵਰਲਡ ਪੰਜਾਬੀ ਟਾਈਮਜ਼ – ਸੁਰਜੀਤ ਸਾਰੰਗ




ਅੱਜ ਦੇ ਇਸ ਮਹਿਨੇ ਦੇ ਵਿਚ ਜੋ ਗੁਰੂ ਦਾ ਉਪਦੇਸ਼ ਸਾਨੂੰ ਦ੍ਰਿੜ ਕਰਵਾਇਆ ਹੈ।ਇਸ ਵਿਚ ਸਭ ਤੋਂ ਪਹਿਲਾਂ ਖ਼ਾਸ ਕਰਕੇ ਹਿੰਦੁਸਤਾਨ ਦੀ ਧਰਤੀ ਤੇ ਇਸ ਮਹੀਨੇ ਦੇ ਵਿਚ ਮੌਸਮ ਆਪਣੀ ਬਹੁਤ ਵੱਡੀ ਥਾਂ ਰੱਖਦਾ ਹੈ।

ਹਾੜ ਦੇ ਮਹੀਨੇ ਵਿਚ ਲੂਆਂ ਗਰਮ ਚੱਲਦੀਆਂ ਹਨ। ਸੂਰਜ ਦੀਆਂ ਕਿਰਨਾਂ ਤੱਪਦੀਆ ਧਰਤੀ ਤੇ ਪੈਂਦੀਆਂ ਹਨ। ਉਸ ਤਪਸ਼ ਨਾਲ ਉਹਨਾਂ ਕਿਰਨਾਂ ਦੇ ਨਾਲ ਮਨੁੱਖ ਕੀ ਬਨਸਪਤੀ, ਕੀ ਪਸ਼ੂ ਪੰਛੀ ਹਰ ਇਕ ਉੱਪਰ ਉਹ ਤਪਸ਼ ਉਹ ਗਰਮ ਲੂਆਂ ਆਪਣਾ ਅਸਰ ਪਾਉਂਦੀਆਂ ਹਨ। ਲੋਕਾਂ ਕੋਲ ਤਪਸ਼ ਨੂੰ ਦੂਰ ਕਰਨ ਦੇ ਸਾਧਨ ਵੀ ਹਨ। ਪੁਰਾਤਨ ਸਮੇਂ ਲੋਕ ਤਪਸ਼ ਦੂਰ ਕਰਨ ਲਈ ਰੁੱਖਾਂ ਥੱਲੇ ਬੈਠਦੇ ਸਨ। ਕਏ,ਈ ਪਹਾੜਾਂ ਦੀ ਚੋਟੀ ਤੇ ਜਾ ਕੇ ਦਿਨ ਬਤੀਤ ਕਰਦੇ ਸਨ। ਹਾੜ ਦਾ ਮਹੀਨਾ ਉਨ੍ਹਾਂ ਲਈ ਕਠਿਨ ਹੈ। ਦੂਖਦਾਈ ਹੈ। ਜਿਨ੍ਹਾਂ ਦੇ ਹਿਰਦੇ ਵਿੱਚ ਵਾਹਿਗੁਰੂ ਨਹੀਂ। ਕਹਿੰਦੇ ਹਨ। ਜੋ ਹਿਰਦੇ ਵਾਹਿਗੁਰੂ ਦਾ ਨਾਮ ਹੋਵੇ ਤਾਂ ਉਬਲਦੀ ਦੇਗ, ਅੱਗ ਦੀ ਤਪਸ਼ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦੀ।

ਇਕ ਗੁਰਮੁਖ ਆਦਮੀ ਕਹਿਣ ਲੱਗਾ ਜਦੋਂ ਮੈਂ ਲਾਹੌਰ ਦੀ ਧਰਤੀ ਵੱਲ ਦੇਖਦਾ ਹਾਂ ਗੁਰੂ ਅਰਜਨ ਸਾਹਿਬ ਤੱਤੀ ਤਵੀ ਤੇ ਬੈਠੇ ਹੋਏ ਹਨ।
ਸਰੀਰ ਤੇ ਗਰਮ ਰੇਤਾ ਪਿਆ ਪੈਂਦਾ ਹੈ। ਸਾਹਮਣੇ ਉਬਲਦੀ ਦੇਗ ਵਿਚ ਬੈਠੇ ਹਨ। ਕਹਿੰਦਾ ਹੈ।
ਮੇਰੇ ਅੰਦਰੋਂ ਇਕ ਹੂਕ ਨਿਕਲੀ—-ਏ ਦੁਨੀਆਂ ਦੇ ਲੋਕੋਂ ਸ਼ਹਿਦੀ ਸਾਖੀ ਸੁਣਾਉਣੀ ਬਹੁਤ ਸੌਖੀ ਹੈ। ਪਰ ਜੋ ਗੁਰੂ ਅਰਜਨ ਦੇਵ ਜੀ ਕਰ ਗਏ ਹਨ। ਉਹ ਕਿਸੇ ਨੇ ਨਹੀਂ ਕਰ
ਸਕਣਾ ਨਾ ਹੀ ਕੋਈ ਮੁਕਾਬਲਾ ਕਰ ਸਕਦਾ ਹੈ।
ਸਾਡਾ ਗਰਮ ਤੱਵੇ ਨਾਲ ਹੱਥ ਲੱਗ ਜਾਏ ਅਸੀਂ ਤੜਪ ਉਠਦੇ ਹਨ।
ਅਸਾੜ ਦਾ ਮਹੀਨਾ ਉਨ੍ਹਾਂ ਵਾਸਤੇ ਤੱਪਦਾ ਹੈ ਜਿਸ ਦੇ ਹਿਰਦੇ ਵਿੱਚ ਵਾਹਿਗੁਰੂ ਜੀ ਦਾ ਵਾਸ ਨਹੀਂ ਹੈ।ਮੰਨ ਲੌ ਅੰਦਰ ਤਪਸ਼ ਹੈ ਝੀਲ ਦੇ ਕਿਨਾਰੇ ਜਾਕੇ ਘਰ ਵਸਾ ਲੌ। ਘਰ ਵੀ ਠੰਡੇ ਪਾਣੀ ਵਿੱਚ ਹੋਵੇ ਬੂਹੇ ਬਾਰੀਆਂ ਨੇ ਤੈਨੂੰ ਬਾਹਰੋਂ ਹੀ ਠੰਡਾ ਰਖਣਾ ਹੈ। ਅੰਦਰ ਤਾਂ ਤੇਰੇ ਤਪਸ਼ ਸ਼ਾਂਤੀ ਨਹੀਂ ਮਿਲਣੀ। ਨਾਮ ਜਪਣ ਨਾਲ ਅੰਦਰ ਵੀ ਸੀਤਲਤਾ ਆ ਜਾਦੀ ਹੈ। ਪਰ ਸਰਤ ਇਹ ਹੈ ਕੀ ਨਾਮ ਜਪਣ ਦੇ ਨਾਲ ਨਿਮਰਤਾ ਵੀ ਹੋਵੇ। ਫਿਰ ਆਸਾੜ ਦਾ ਦਾ ਮਹੀਨਾਂ ਸੀਤਲਤਾ ਪ੍ਰਧਾਨ ਕਰੇਗਾ।